PROVINCIAL LANGUAGE SERVICES
Provincial Health Services Authority

Office of Virtual Health
Connecting for health

# ਢੁਕਵੇਂ ਵਰਚੁਅਲ ਦੇਖਭਾਲ ਸਹਿਯੋਗ ਲਈ ਸਾਂਝੀਦਾਰੀ ਪ੍ਰੋਜੈਕਟ (Partnering on Appropriate Virtual Care Collaborative Project):

ਕਮਿਊਨਿਟੀ ਦੀ ਸ਼ਮੂਲੀਅਤ (Community Engagement): ਫੋਕਸ ਗਰੁੱਪ / ਇੰਟਰਵਿਊ, ਮਰੀਜ਼ਾਂ ਦੇ ਸਫ਼ਰ ਦੀ ਮੈਪਿੰਗ

## 1.0. ਪ੍ਰੋਜੈਕਟ ਦੀ ਸੰਖਿਪਤ ਜਾਣਕਾਰੀ (Project overview)

ਢੁਕਵੇਂ ਵਰਚੁਅਲ ਦੇਖਭਾਲ ਸਹਿਯੋਗ ਲਈ ਸਾਂਝੀਦਾਰੀ (PAVC) ਪ੍ਰੋਜੈਕਟ ਹੈਲਥਕੇਅਰ ਐਕਸੀਲੈਂਸ ਕੈਨੇਡਾ, ਅਤੇ ਸੂਬਾਈ ਸਿਹਤ ਸੇਵਾਵਾਂ ਅਥਾਰਟੀ (PHSA): ਵਰਚੁਅਲ ਸਿਹਤ ਦਫ਼ਤਰ (OVH) ਅਤੇ ਸੂਬਾਈ ਭਾਸ਼ਾ ਸੇਵਾਵਾਂ (PLS) ਦੇ ਵਿਚਕਾਰ ਇੱਕ ਸੰਯੁਕਤ ਸਹਿਯੋਗ ਹੈ।

ਇਸ ਪ੍ਰੋਜੈਕਟ ਦੇ ਤਹਿਤ, ਸਾਡੀ ਟੀਮ ਕਮਿਊਨਿਟੀ ਦੇ ਮੈਂਬਰਾਂ (ਮਰੀਜ਼, ਦੇਖਭਾਲਕਰਤਾ) ਦੇ ਵਰਚੁਅਲ ਦੇਖਭਾਲ ਦੇ ਅਨੁਭਵ ਨੂੰ ਸਮਝਣ ਲਈ ਉਨ੍ਹਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੀ ਹੈ।

ਨੋਟ: ਅਸੀਂ ਉਨ੍ਹਾਂ ਕਮਿਊਨਿਟੀ ਦੇ ਮੈਂਬਰਾਂ ਨਾਲ ਜੁੜਨ ਦੀ ਕੋਸ਼ਿਸ਼ ਵੀ ਕਰ ਰਹੇ ਹਾਂ ਜਿਨ੍ਹਾਂ ਕੋਲ ਸ਼ਾਇਦ ਵਰਚੁਅਲ ਦੇਖਭਾਲ ਦਾ ਤਜਰਬਾ ਨਹੀਂ ਹੈ। ਉਨ੍ਹਾਂ ਦੀ ਸਮਝ ਨਾਲ ਅਸੀਂ ਇਸਦੇ ਕਾਰਨ ਸਮਝ ਸਕਾਂਗੇ ਕਿ ਉਨ੍ਹਾਂ ਨੇ ਵਰਚੁਅਲ ਦੇਖਭਾਲ ਨੂੰ ਐਕਸੈਸ ਕਿਉਂ ਨਹੀਂ ਕੀਤਾ, ਸਿਹਤ ਸੰਭਾਲ ਦੇ ਉਨ੍ਹਾਂ ਦੇ ਸਫ਼ਰ ਵਿੱਚ ਪੇਸ਼ ਆਉਣ ਵਾਲੀ ਕਿਸੇ ਵੀ ਰੁਕਾਵਟ ਨੂੰ ਸਮਝ ਸਕਾਂਗੇ ਅਤੇ ਸੁਧਾਰ ਦੇ ਖੇਤਰਾਂ ਦੀ ਪਛਾਣ ਕਰ ਸਕਾਂਗੇ।

ਕਿਰਪਾ ਕਰਕੇ ਇਹ ਧਿਆਨ ਰੱਖੋ ਕਿ ਤੁਹਾਡੀ ਸਬਮਿਸ਼ਨ ਚੋਣ ਦੀ ਗਾਰੰਟੀ ਨਹੀਂ ਦੇਵੇਗੀ। ਪ੍ਰਾਪਤ ਹੋਈਆਂ ਸਾਰੀਆਂ ਅਰਜ਼ੀਆਂ ਦੀ ਸਮੀਖਿਆ ਕਰਨ ਤੋਂ ਬਾਅਦ, ਅਸੀਂ ਈਮੇਲ ਰਾਹੀਂ ਉਨ੍ਹਾਂ ਵਿਅਕਤੀਆਂ ਦੀ ਚੋਣ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਨਾਲ ਸੰਪਰਕ ਕਰਾਂਗੇ, ਅਤੇ ਆਨਲਾਈਨ ਸੈਸ਼ਨਾਂ ਦੀ ਤਾਰੀਖ਼ ਅਤੇ ਸਮੇਂ ਬਾਰੇ ਅਗਲੇ ਕਦਮ ਪ੍ਰਦਾਨ ਕਰਾਂਗੇ।

### 1.1. ਪ੍ਰੋਜੈਕਟ ਦਾ ਮਕਸਦ (Project aim)

ਇਸ ਪ੍ਰੋਜੈਕਟ ਦਾ ਮਕਸਦ ਇੱਕ ਅਜਿਹਾ ਵਸੀਲਾ ਤਿਆਰ ਕਰਨਾ ਹੈ ਜੋ ਇਹ ਰੂਪਰੇਖਾ ਪ੍ਰਦਾਨ ਕਰਦਾ ਹੈ ਕਿ ਕਮਿਊਨਿਟੀ ਦੇ ਮੈਂਬਰਾਂ (ਮਰੀਜ਼, ਪਰਿਵਾਰ, ਦੇਖਭਾਲਕਰਤਾ) ਅਤੇ ਸਿਹਤ ਸੰਭਾਲ ਟੀਮ ਦੇ ਮੈਂਬਰਾਂ ਦੇ ਵਿਚਕਾਰ ਸਿਹਤ-ਸੰਬੰਧੀ ਕਿਹੜੀਆਂ *ਵਰਚੁਅਲ ਕਿਰਿਆਵਾਂ ਸੁਰੱਖਿਤ, ਉੱਚ ਗੁਣਵੱਤਾ ਵਾਲੀਆਂ, ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਮੰਨੀਆਂ ਜਾਂਦੀਆਂ ਹਨ। ਇਹ ਪ੍ਰੋਜੈਕਟ ਖ਼ਾਸ ਤੌਰ 'ਤੇ ਉਨ੍ਹਾਂ ਭਾਸ਼ਾਈ ਤੌਰ 'ਤੇ ਵਿਵਿਧ ਕਮਿਊਨਿਟੀਆਂ 'ਤੇ ਕੇਂਦ੍ਰਿਤ ਹੈ ਜਿਨ੍ਹਾਂ ਦੇ ਮੈਂਬਰਾਂ ਦੀ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਹੈ (ਜਾਂ ਜਿਨ੍ਹਾਂ ਦੀ ਸੰਚਾਰ ਦੀ ਮੂਲ ਭਾਸ਼ਾ ਅੰਗਰੇਜ਼ੀ ਨਹੀਂ ਹੈ) ਅਤੇ ਵਰਚੁਅਲ ਤਰੀਕੇ ਨਾਲ ਦੇਖਭਾਲ ਪ੍ਰਾਪਤ ਕਰਨਾ ਚਾਹੁੰਦੇ ਹਨ।

ਅਸੀਂ 2024 ਵਿੱਚ ਪੂਰੇ PHSA ਵਿੱਚ ਉਸ ਵਸੀਲੇ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੇ ਹਾਂ, ਅਤੇ ਉਹ ਵਰਚੁਅਲ ਤਰੀਕੇ ਨਾਲ ਸਿਹਤ ਦੇਖਭਾਲ ਪ੍ਰਾਪਤ ਜਾਂ ਪ੍ਰਦਾਨ ਕਰਨ ਵੇਲੇ ਕਮਿਊਨਿਟੀ ਦੇ ਮੈਂਬਰਾਂ ਅਤੇ ਸਿਹਤ ਸੰਭਾਲ ਟੀਮ ਦੇ ਮੈਂਬਰਾਂ ਲਈ ਉਪਲਬਧ ਹੋਵੇਗਾ।

PROVINCIAL LANGUAGE SERVICES
Provincial Health Services Authority

Office of Virtual Health
Connecting for health

ਇਹ ਯਕੀਨੀ ਬਣਾਉਣ ਲਈ ਕਿ ਸਾਡੇ ਦੁਆਰਾ ਤਿਆਰ ਕੀਤਾ ਗਿਆ ਵਸੀਲਾ ਮਰੀਜ਼ਾਂ ਅਤੇ ਕਮਿਊਨਿਟੀ ਦੀਆਂ ਜ਼ਰੂਰਤਾਂ ਨੂੰ ਪੂਰਾ ਅਤੇ ਉਨ੍ਹਾਂ ਦੀ ਅਵਾਜ਼ ਨੂੰ ਸ਼ਾਮਲ ਕਰਦਾ ਹੈ, ਅਸੀਂ Zoom 'ਤੇ ਆਨਲਾਈਨ ਫੋਕਸ ਗਰੁੱਪ, ਇੰਟਰਵਿਊ ਅਤੇ ਮਰੀਜ਼ਾਂ ਦੇ ਸਫ਼ਰ ਦੀ ਮੈਪਿੰਗ ਕਰ ਰਹੇ ਹਾਂ (ਅਗਲੇ ਸੈਕਸ਼ਨ ਵਿੱਚ ਵਧੇਰੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ)।

---

**ਵਰਚੁਅਲ ਸਿਹਤ ਏਕੀਕ੍ਰਿਤ, ਸਹਿਜ ਮਰੀਜ਼-ਕੇਂਦ੍ਰਿਤ ਦੇਖਭਾਲ ਹੈ ਜੋ ਦੇਖਭਾਲ ਦੀ ਵਿਆਪਕ ਨਿਰੰਤਰਤਾ ਦੇ ਤਹਿਤ ਡਿਜੀਟਲ ਅਤੇ ਦੂਰਸੰਚਾਰ ਤਕਨਾਲੋਜੀਆਂ ਰਾਹੀਂ ਰਿਮੋਟ ਤਰੀਕੇ ਨਾਲ ਪ੍ਰਦਾਨ ਕੀਤੀ ਜਾਂਦੀ ਹੈ।*

*ਹੋਰ ਲਫ਼ਜ਼ਾਂ ਵਿੱਚ, ਇਹ ਤਕਨਾਲੋਜੀ ਦੁਆਰਾ ਪ੍ਰਦਾਨ ਕੀਤੀ ਜਾਂ ਪ੍ਰਾਪਤ ਹੋਣ ਵਾਲੀ ਸਿਹਤ ਦੇਖਭਾਲ ਹੈ। ਉਦਾਹਰਨ ਲਈ, ਤੁਹਾਡੇ ਸਿਹਤ ਸੰਭਾਲ ਪਰਦਾਤਾ, ਜਿਵੇਂ ਡਾਕਟਰ, ਨਰਸ ਜਾਂ ਕਾਉਂਸਲਰ, ਨਾਲ ਵੀਡੀਓ ਚੈਟ ਜਾਂ ਟੈਲੀਫ਼ੋਨ ਕਾਲ ਦੁਆਰਾ ਵਰਚੁਅਲ ਸਿਹਤ ਵਿਜ਼ਿਟ ਕਰਵਾਉਣਾ।*

---

## 2.0. ਸੰਗ੍ਰਹਿ ਦਾ ਨੋਟਿਸ (Collection Notice)

ਇਸ ਪ੍ਰੋਜੈਕਟ ਵਿੱਚ ਸਾਡੇ ਨਾਲ ਤੁਹਾਡਾ ਸ਼ਾਮਲ ਹੋਣਾ ਪੂਰੀ ਤਰ੍ਹਾਂ ਸਵੈਇੱਛਤ ਹੈ।

ਜੇਕਰ ਤੁਸੀਂ ਸਾਡੇ ਨਾਲ ਜੁੜਨਾ ਚਾਹੁੰਦੇ ਹੋ, ਤਾਂ ਫੋਕਸ ਗਰੁੱਪ, ਇੰਟਰਵਿਊ ਜਾਂ ਮਰੀਜ਼ ਦੇ ਸਫ਼ਰ ਦੀ ਮੈਪਿੰਗ ਵਿੱਚ ਭਾਗੀਦਾਰੀ ਲਈ ਫ਼ਾਲੋ-ਅੱਪ ਦੇ ਤੌਰ 'ਤੇ ਤੁਹਾਡੇ ਨਾਲ ਸੰਚਾਰ ਕਰਨ ਲਈ ਸਾਨੂੰ ਤੁਹਾਡੇ ਈਮੇਲ ਪਤੇ ਦੀ ਲੋੜ ਹੋਵੇਗੀ, ਸਿਰਫ਼ ਓਦੋਂ ਜੇਕਰ ਤੁਸੀਂ ਇਸ ਲਈ ਸਹਿਮਤੀ ਦਿੰਦੇ ਹੋ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਕੋਈ ਵੀ ਨਿੱਜੀ ਜਾਣਕਾਰੀ ਸੁਰੱਖਿਅਤ PHSA ਨੈੱਟਵਰਕ ਡ੍ਰਾਈਵ 'ਤੇ, ਸੀਮਿਤ ਪਹੁੰਚ ਦੇ ਨਾਲ, ਅਧਿਕਤਮ 10 ਸਾਲਾਂ ਲਈ ਸਟੋਰ ਕੀਤੀ ਜਾਵੇਗੀ।

ਜੇਕਰ ਤੁਸੀਂ ਆਪਣਾ ਈਮੇਲ ਪਤਾ ਪ੍ਰਦਾਨ ਕਰਦੇ ਹੋ, ਤਾਂ ਕਿਰਪਾ ਕਰਕੇ ਨੋਟ ਕਰੋ ਕਿ ਇਹ ਸੰਗ੍ਰਹਿ ਸੂਚਨਾ ਦੀ ਆਜ਼ਾਦੀ ਅਤੇ ਨਿੱਜਤਾ ਦੀ ਸੁਰੱਖਿਆ ਐਕਟ ਦੀ ਧਾਰਾ 26(ਸੀ) ਅਤੇ 26(ਡੀ) ਦੁਆਰਾ ਅਧਿਕਾਰਤ ਹੈ।

ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ ਕੁਝ ਖੁੱਲ੍ਹੇ ਸਵਾਲ ਹਨ ਆਪਣੀ ਸਬਮਿਸ਼ਨ ਦੇ ਤਹਿਤ ਤੁਹਾਨੂੰ ਜਿਨ੍ਹਾਂ ਦੇ ਜਵਾਬ ਦੇਣੇ ਪੈਣਗੇ। ਅਸੀਂ ਅਜਿਹੀ ਕੋਈ ਵੀ ਜਾਣਕਾਰੀ ਇਕੱਠੀ ਨਹੀਂ ਕਰਨਾ ਚਾਹੁੰਦੇ ਜੋ ਤੁਹਾਡੀ ਪਛਾਣ ਕਰ ਸਕਦੀ ਹੈ। ਅਸੀਂ ਤੁਹਾਨੂੰ ਖੁੱਲ੍ਹੇ ਸਵਾਲਾਂ ਦੇ ਜਵਾਬਾਂ ਵਿੱਚ ਕੋਈ ਵੀ ਪਛਾਣ ਜਾਣਕਾਰੀ, ਜਿਵੇਂ ਨਾਂ, ਉਮਰ, ਜਾਂ ਪਛਾਣ ਨੰਬਰ, ਪ੍ਰਦਾਨ ਨਾ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਅਸੀਂ ਤੁਹਾਡੇ ਸਮੇਂ ਅਤੇ ਕੀਮਤੀ ਯੋਗਦਾਨ ਲਈ ਪਹਿਲਾਂ ਤੋਂ ਤੁਹਾਡਾ ਧੰਨਵਾਦ ਕਰਦੇ ਹਾਂ।

ਜੇਕਰ ਤੁਹਾਡਾ ਕੋਈ ਸਵਾਲ ਜਾਂ ਫ਼ਿਕਰ ਹੈ, ਤਾਂ ਕਿਰਪਾ ਕਰਕੇ officeofvirtualhealth@phsa.ca (cc hira.aziz@phsa.ca) 'ਤੇ ਈਮੇਲ ਕਰੋ ਅਤੇ **ਵਿਸ਼ਾ: PAVC ਸਵਾਲ**।

PROVINCIAL LANGUAGE SERVICES
Provincial Health Services Authority

Office of Virtual Health
Connecting for health

## 2.0. ਕਮਿਊਨਿਟੀ ਦੀ ਸ਼ਮੂਲੀਅਤ (Community engagement):

### 2.1. ਆਨਲਾਈਨ ਫੋਕਸ ਗਰੁੱਪਸ ਜਾਂ ਵਿਅਕਤੀਆਂ ਦੇ ਇੰਟਰਵਿਊ (Online focus groups or individual interviews)

- **ਟਾਈਮਲਾਈਨ:** ਸਾਡੇ ਪ੍ਰੋਜੈਕਟ ਦਾ ਮਕਸਦ ਦਸੰਬਰ 2023 ਤੱਕ ਆਨਲਾਈਨ ਫੋਕਸ ਗਰੁੱਪਸ ਜਾਂ ਵਿਅਕਤੀਆਂ ਦੇ ਇੰਟਰਵਿਊ (ਤੁਹਾਡੀ ਤਰਜੀਹ ਦੇ ਅਧਾਰ ’ਤੇ) ਸ਼ੁਰੂ ਕਰਨਾ ਹੈ।

- **ਸੰਭਾਵੀ ਸਮੇਂ ਦੀ ਵਚਨਬੱਧਤਾ:** 30 – 90 ਮਿੰਟਾਂ ਦੀ ਮਿਆਦ (ਇੱਕ ਸੈਸ਼ਨ ਵਿੱਚ ਹਾਜ਼ਰੀਨਾਂ ਦੀ ਸੰਖਿਆ ’ਤੇ ਨਿਰਭਰ ਕਰਦੀ ਹੈ)

- **ਅਰਜ਼ੀ:** ਆਨਲਾਈਨ ਫੋਕਸ ਗਰੁੱਪਸ ਜਾਂ ਵਿਅਕਤੀਆਂ ਦੇ ਇੰਟਰਵਿਊ ਵਿੱਚ ਹਿੱਸਾ ਲੈਣ ਵਾਸਤੇ ਅਰਜ਼ੀ ਦੇਣ ਲਈ, ਕਿਰਪਾ ਕਰਕੇ ਇੱਥੇ ਇੱਕ ਆਨਲਾਈਨ ਫ਼ਾਰਮ ਭਰੋ।

  ਵਿਕਲਪਕ ਤੌਰ ’ਤੇ, ਤੁਸੀਂ officeofvirtualhealth@phsa.ca (cc hira.aziz@phsa.ca) ’ਤੇ ਈਮੇਲ ਕਰ ਕੇ ਵੀ ਅਰਜ਼ੀ ਦੇ ਸਕਦੇ ਹੋ **ਵਿਸ਼ਾ: PAVC ਫੋਕਸ ਗਰੁੱਪਸ**

ਕਿਰਪਾ ਕਰਕੇ ਈਮੇਲ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਕਰੋ। ਇਹ ਸਾਡੀ ਮੀਟਿੰਗ ਦੀ ਯੋਜਨਾ ਬਣਾਉਣ ਵਿੱਚ ਸਾਡੀ ਮਦਦ ਕਰੇਗਾ:

- ਤੁਹਾਨੂੰ ਕਿਸ ਵਜੋਂ ਪਛਾਣਿਆ ਜਾਂਦਾ ਹੈ? (ਉਦਾਹਰਨ ਲਈ, ਮਰੀਜ਼, ਜਾਂ ਦੇਖਭਾਲਕਰਤਾ)
- ਸੰਖੇਪ ਵਿੱਚ ਦੱਸੋ ਕਿ ਤੁਸੀਂ ਫੋਕਸ ਗਰੁੱਪ ਵਿੱਚ ਹਿੱਸਾ ਕਿਉਂ ਲੈਣਾ ਚਾਹੁੰਦੇ ਹੋ।
- ਕੀ ਤੁਹਾਡੇ ਕੋਲ ਵਰਚੁਅਲ ਦੇਖਭਾਲ ਪ੍ਰਾਪਤ ਕਰਨ ਦਾ ਕੋਈ ਤਜਰਬਾ ਹੈ?
- ਫੋਕਸ ਗਰੁੱਪਸ ਜਾਂ ਵਿਅਕਤੀਆਂ ਦੇ ਇੰਟਰਵਿਊ ਲਈ ਤਰਜੀਹ ਦੱਸੋ
- ਤੁਹਾਡੀ ਸੰਚਾਰ ਦੀ ਮੂਲ ਭਾਸ਼ਾ (ਜਾਂ ਤਰਜੀਹੀ ਭਾਸ਼ਾ) ਕੀ ਹੈ?

1 ਦਸੰਬਰ, 2023, ਨੂੰ ਦੁਪਹਿਰ 12:00 ਵਜੇ ਪੈਸਿਫ਼ਿਕ ਸਮੇਂ ’ਤੇ ਰਜਿਸਟਰੇਸ਼ਨ ਬੰਦ ਹੋ ਜਾਵੇਗੀ। ਉਸਤੋਂ ਬਾਅਦ, ਤੁਹਾਡੀ ਚੋਣ ਦੀ ਪੁਸ਼ਟੀ ਕਰਨ ਲਈ ਅਸੀਂ ਤੁਹਾਨੂੰ ਈਮੇਲ ਕਰਾਂਗੇ ਅਤੇ ਅਗਲੇ ਕਦਮਾਂ ’ਤੇ ਚਰਚਾ ਕਰਾਂਗੇ।

---

**ਤੁਹਾਡੀ ਮੂਲ ਭਾਸ਼ਾ ਨੂੰ ਉਸ ਭਾਸ਼ਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਤੁਸੀਂ ਜਨਮ ਤੋਂ ਸਿੱਖੀ ਹੈ, ਅਤੇ ਤੁਹਾਨੂੰ ਆਪਣੇ ਮਾਹੌਲ ਵਿੱਚ ਜਿਸਦਾ ਸਭ ਤੋਂ ਜ਼ਿਆਦਾ ਅਨੁਭਵ ਹੈ।*

---

- **ਆਨਰੇਰੀਅਮ:** ਭਾਗੀਦਾਰਾਂ ਨੂੰ PHSA ਦੇ ਦਿਸ਼ਾ-ਨਿਰਦੇਸ਼ਾਂ ਦੇ ਅਧਾਰ ’ਤੇ ਆਨਰੇਰੀਅਮ ਦੀ ਪੇਸ਼ਕਸ਼ ਕੀਤੀ ਜਾਵੇਗੀ।

- **ਭਾਸ਼ਾ ਦੀ ਪਹੁੰਚਯੋਗਤਾ:** ਤੁਹਾਡੀ ਸੰਚਾਰ ਦੀ ਤਰਜੀਹੀ ਭਾਸ਼ਾ ਵਿੱਚ ਜਵਾਬ ਦਿੱਤੇ ਜਾ ਸਕਦੇ ਹਨ। PHSA, ਲੋੜ ਮੁਤਾਬਕ, ਆਨਲਾਈਨ ਸੈਸ਼ਨਾਂ ਲਈ ਭਾਸ਼ਾਵਾਂ ਦੇ ਦੁਭਾਸ਼ੀਏ ਦਾ ਇੰਤਜ਼ਾਮ ਵੀ ਕਰੇਗੀ।

## 2.2. ਮਰੀਜ਼ਾਂ ਦੇ ਸਫ਼ਰ ਦੀ ਮੈਪਿੰਗ (Patient Journey Mapping)

ਇਸ ਪ੍ਰੋਜੈਕਟ ਲਈ, ਅਸੀਂ ਭਾਸ਼ਾਈ ਤੌਰ ’ਤੇ ਵਿਵਿਧ ਕਮਿਊਨਿਟੀਆਂ ਦੇ ਉਨ੍ਹਾਂ ਮਰੀਜ਼ (ਮਰੀਜ਼ਾਂ) ਦੇ ਸਿਹਤ ਸੰਭਾਲ ਸਫ਼ਰ ਦਾ ਵਿਜ਼ੂਅਲ ਮੈਪ ਵੀ ਬਣਾਉਣਾ ਚਾਹੁੰਦੇ ਹਾਂ ਜਿਨ੍ਹਾਂ ਦੀ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਹੈ (ਜਾਂ ਜਿਨ੍ਹਾਂ ਦੀ ਸੰਚਾਰ ਦੀ ਮੂਲ ਭਾਸ਼ਾ ਅੰਗਰੇਜ਼ੀ ਨਹੀਂ ਹੈ)।

ਇਸ ਮੈਪ ਨਾਲ ਅਸੀਂ ਸਮੇਂ ਦੀ ਇੱਕ ਮਿਆਦ ਦੇ ਅੰਦਰ ਸਿਹਤ ਸੰਭਾਲ ਪ੍ਰਣਾਲੀ ਵਿੱਚ ਉਨ੍ਹਾਂ ਦੇ ਸਫ਼ਰ, ਅਤੇ ਉਨ੍ਹਾਂਨੂੰ ਪੇਸ਼ ਆਉਣ ਵਾਲੀ ਕਿਸੇ ਵੀ ਰੁਕਾਵਟ ਨੂੰ ਸਮਝ ਸਕਦੇ ਹਾਂ, ਖ਼ਾਸ ਤੌਰ ’ਤੇ ਉਹ ਜੋ ਭਾਸ਼ਾ ਦੀ ਪਹੁੰਚਯੋਗਤਾ ਨਾਲ ਸੰਬੰਧਿਤ ਹੋਵੇ।

- **ਟਾਈਮਲਾਈਨ:** ਸਾਡੇ ਪ੍ਰੋਜੈਕਟ ਦਾ ਮਕਸਦ ਦਸੰਬਰ 2023 ਤੋਂ ਸ਼ੁਰੂ ਕਰਦੇ ਹੋਏ, ਮਰੀਜ਼ਾਂ ਦੇ ਸਿਹਤ ਸੰਭਾਲ ਦੇ ਸਫ਼ਰ ਦੇ ਮੈਪਸ ਬਣਾਉਣ ਲਈ Zoom ’ਤੇ ਉਨ੍ਹਾਂ ਨਾਲ ਆਨਲਾਈਨ ਜੁੜਨਾ ਹੈ।

- **ਸੰਭਾਵੀ ਸਮੇਂ ਦੀ ਵਚਨਬੱਧਤਾ:** 60 – 120 ਮਿੰਟਾਂ ਦੀ ਮਿਆਦ (ਇੱਕ ਸੈਸ਼ਨ ਵਿੱਚ ਹਾਜ਼ਰੀਨਾਂ ਦੀ ਸੰਖਿਆ ’ਤੇ ਨਿਰਭਰ ਕਰਦੀ ਹੈ)

- **ਅਰਜ਼ੀ:** ਮਰੀਜ਼ਾਂ ਦੇ ਸਫ਼ਰ ਦੀ ਮੈਪਿੰਗ ਵਿੱਚ ਹਿੱਸਾ ਲੈਣ ਲਈ, ਕਿਰਪਾ ਕਰਕੇ ਇੱਥੇ ਇੱਕ ਆਨਲਾਈਨ ਫ਼ਾਰਮ ਭਰੋ।

  ਵਿਕਲਪਕ ਤੌਰ ’ਤੇ, ਤੁਸੀਂ officeofvirtualhealth@phsa.ca (cc hira.aziz@phsa.ca) ’ਤੇ ਈਮੇਲ ਕਰ ਕੇ ਵੀ ਅਰਜ਼ੀ ਦੇ ਸਕਦੇ ਹੋ **ਵਿਸ਼ਾ: PAVC ਮਰੀਜ਼ ਦੇ ਸਫ਼ਰ ਦਾ ਮੈਪ**

  ਕਿਰਪਾ ਕਰਕੇ ਈਮੇਲ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਕਰੋ। ਇਹ ਸਾਡੀ ਮੀਟਿੰਗ ਦੀ ਯੋਜਨਾ ਬਣਾਉਣ ਵਿੱਚ ਸਾਡੀ ਮਦਦ ਕਰੇਗਾ:

  - ਤੁਹਾਡੀ ਸੰਚਾਰ ਦੀ ਮੂਲ ਭਾਸ਼ਾ ਕੀ ਹੈ?

PROVINCIAL LANGUAGE SERVICES
Provincial Health Services Authority

Office of Virtual Health
Connecting for health

1 ਦਸੰਬਰ, 2023, ਨੂੰ ਦੁਪਹਿਰ 12:00 ਵਜੇ ਪੈਸਿਫ਼ਿਕ ਸਮੇਂ 'ਤੇ ਰਜਿਸਟਰੇਸ਼ਨ ਬੰਦ ਹੋ ਜਾਵੇਗੀ। ਉਸਤੋਂ ਬਾਅਦ, ਤੁਹਾਡੀ ਚੋਣ ਦੀ ਪੁਸ਼ਟੀ ਕਰਨ ਲਈ ਇੱਕ ਪ੍ਰੋਜੈਕਟ ਮੈਂਬਰ ਤੁਹਾਨੂੰ ਈਮੇਲ ਕਰੇਗਾ ਅਤੇ ਅਗਲੇ ਕਦਮਾਂ 'ਤੇ ਚਰਚਾ ਕਰੇਗਾ।

- **ਆਨਰੇਰੀਅਮ:** ਭਾਗੀਦਾਰਾਂ ਨੂੰ PHSA ਦੇ ਦਿਸ਼ਾ-ਨਿਰਦੇਸ਼ਾਂ ਦੇ ਅਧਾਰ 'ਤੇ ਆਨਰੇਰੀਅਮ ਦੀ ਪੇਸ਼ਕਸ਼ ਕੀਤੀ ਜਾਵੇਗੀ।
- **ਭਾਸ਼ਾ ਦੀ ਪਹੁੰਚਯੋਗਤਾ:** ਤੁਹਾਡੀ ਸੰਚਾਰ ਦੀ ਤਰਜੀਹੀ ਭਾਸ਼ਾ ਵਿੱਚ ਜਵਾਬ ਦਿੱਤੇ ਜਾ ਸਕਦੇ ਹਨ। PHSA, ਲੋੜ ਮੁਤਾਬਕ, ਆਨਲਾਈਨ ਸੈਸ਼ਨਾਂ ਲਈ ਭਾਸ਼ਾਵਾਂ ਦੇ ਦੁਭਾਸ਼ੀਏ ਦਾ ਇੰਤਜ਼ਾਮ ਵੀ ਕਰੇਗੀ।